# ਬਿਨੁ ਮਿਲਬੇ ਨਾਹੀ ਸੰਤੋਖਾ

## ਰਾਗੁ ਕਲਿਆਨੁ ਮਹਲਾ ੫ ਘਰੁ ੧

## ੴ ਸਤਿ ਗੁਰ ਪ੍ਰਸਾਦਿ ॥

ਇਹ ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਕਲਿਆਣ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਇਸ ਨੂੰ ਪਹਿਲੇ ਘਰ ਵਿਚ ਗਾਉਣ ਦੀ ਹਦਾਇਤ ਹੈ। ਇਹ, ਪੰਨਾ ੧੩੨੧ ਤੇ ਅੰਕਤ ਹੈ। ਇਸ ਦੇ ਉਪਰੰਤ, ਮੰਗਲਾਚਰਣ ਵਜੋਂ ਮੂਲ ਮੰਤਰ ਦਾ ਚੌਥਾ ਤੇ ਸੰਖਿਪਤ ਸਰੂਪ ਅੰਕਤ ਹੈ।

**ਹਮਾਰੈ ਏਹ ਕਿਰਪਾ ਕੀਜੈ॥**

**ਅਲਿ ਮਕਰੰਦ ਚਰਨ ਕਮਲ ਸਿਉ**

**ਮਨੁ ਫੇਰਿ ਫੇਰਿ ਰੀਝੈ॥੧॥ਰਹਾਉ॥**

**ਅਰਥ** : ਪਾਤਸ਼ਾਹ ਜੀ ਬੇਨਤੀ ਰੂਪ ਵਿਚ ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ਜੀਓ ! ਸਾਡੇ ਤੇ ਇਹ ਕਿਰਪਾ ਕਰੋ ਜੀ :

– – ਜਿਵੇਂ ਭਉਰਾ ਫੁਲਾਂ ਦੇ ਰਸ ਨੂੰ ਵਾਰ ਵਾਰ ਚੂਸਦਾ ਨਹੀਂ ਥਕਦਾ, ਇਸੇ ਤਰ੍ਹਾਂ ਅਸੀਂ ਆਪ ਜੀ ਦੇ ਚਰਣ ਕੰਵਲਾਂ ਦੇ ਭਉਰੇ ਬਣ ਕੇ ਫ਼ਿਰ ਫ਼ਿਰ ਜੁੜ ਕੇ ਮਨ ਦੀ ਖ਼ੁਸ਼ੀ ਪ੍ਰਾਪਤ ਕਰਦੇ ਰਹੀਏ।੧।ਰਹਾਉ।

ਸਿਮਰਣ ਹੀ ਚਰਣ ਕੰਵਲਾਂ ਵਿਚ ਜੁੜਨਾ ਹੁੰਦਾ ਹੈ। ਇਥੇ ਵਾਰ ਵਾਰ, ਭਾਵ, ਹਰ ਵੇਲੇ ਸਿਮਰਨ ਕਰਣ ਦਾ ਉਪਦੇਸ਼ ਹੈ। ਹੋਰ ਫ਼ੁਰਮਾਣ ਕੀਤਾ ਹੈ ਕਿ ਮੈਨੂੰ ਹੁਣ ਹੋਰ ਕੁਝ ਨਹੀਂ ਭਾਉਂਦਾ, ਜਿਵੇਂ ਭਉਰਾ ਕੰਵਲ ਦੇ ਫੁਲ ਦੇ ਰਸ ਨਾਲ ਚਮੜਿਆ ਹੀ ਰਹਿੰਦਾ ਹੈ ਇਸ ਤਰ੍ਹਾਂ ਮੇਰਾ ਮਨ ਵੀ ਲਗਾਤਾਰ ਸਿਮਰਨ ਸਿਮਰਨ ਹੀ ਕਰਨ ਨੂੰ ਕਰਦਾ ਹੈ – 'ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ॥', ਪੰਨਾ ੮੩੦.

**ਆਨ ਜਲਾ ਸਿਉ ਕਾਜੁ ਨ ਕਛੂਐ**

**ਹਰਿ ਬੂੰਦ ਚਾਤ੍ਰਿਕ ਕਉ ਦੀਜੈ॥੧॥**

**ਅਰਥ** : ਜਿਵੇਂ ਪਪੀਹੇ ਨੂੰ ਧਰਤੀ ਦੇ ਕਿਸੇ ਹੋਰ ਪਾਣੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਉਸ ਨੂੰ ਤਾਂ ਬਸ ਸਵਾਂਤੀ ਦੀ ਬੂੰਦ (ਅਕਾਸ ਤੋਂ ਡਿਗ ਰਹੀ ਕੁਆਰੀ ਬੂੰਦ) ਦੀ ਹੀ ਤਾਂਘ ਹੁੰਦੀ ਹੈ, ਇਸੇ ਤਰ੍ਹਾਂ ਹੇ ਗੁਰੂ/ਪ੍ਰਭੂ ! ਮੈਨੂੰ ਤਾਂ ਹੁਣ ਹੋਰ ਕਿਸੇ ਨਾਲ ਕੋਈ ਲਗਾਅ ਨਹੀਂ ਰਿਹਾ, ਮੈਨੂੰ, ਆਪਣੇ ਪਪੀਹੇ ਨੂੰ ਤਾਂ ਆਪਣੇ ਦਰਸ਼ਨਾਂ ਦੀ ਹੀ ਸਵਾਂਤੀ ਬੂੰਦ ਬਖਸ਼।੧।

ਸ੍ਰੀ ਗੁਰੂ ਨਾਨਕ ਸਾਹਿਬ 'ਗੁਰੂ' ਨੂੰ ਸੰਬੋਧਨ ਕਰਦੇ ਹਨ, 'ਹੇ ਮੇਰੇ ਪ੍ਰੀਤਮ ! ਮੇਰਾ ਤੇਰੇ ਬਿਨਾਂ ਹੋਰ ਕੋਈ ਨਹੀਂ, ਮੈਨੂੰ ਤੇਰੇ ਬਿਨਾਂ ਹੋਰ ਕੋਈ ਭਾਉਂਦਾ ਹੀ ਨਹੀਂ, ਜਦੋਂ ਮੈਂ ਤੈਨੂੰ ਭਾਅ ਜਾਵਾਂ, ਉਦੋਂ ਮੈਨੂੰ ਸੁਖ ਮਿਲਦਾ ਹੈ' – 'ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ॥ ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ॥', ਪੰਨਾ ੬੧. ਸ੍ਰੀ ਗੁਰੂ ਅੰਗਦ ਸਾਹਿਬ, ਪੰਨਾ

੭੯੧ ਤੇ ਫ਼ੁਰਮਾਣ ਕਰਦੇ ਹਨ ਕਿ ਕਿਸੇ ਦਾ ਕੋਈ ਆਸਰਾ ਹੋਏਗਾ ਅਤੇ ਕਿਸੇ ਦਾ ਕੋਈ, ਮੇਰਾ ਤਾਂ ਇਕ ਤੂੰ ਹੀ ਹੈਂ, ਹੋਰ ਕੋਈ ਨਹੀਂ - 'ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥' ਦੂਜੇ ਨਾਨਕ, ਪਾਤਸ਼ਾਹ, ਫ਼ੁਰਮਾਣ ਕਰਦੇ ਹਨ ਕਿ ਤੇਰੇ ਬਿਨਾਂ ਮੇਰਾ ਕੋਈ ਬੇਲੀ, ਮਿਤਰ ਨਹੀਂ ਤੂੰ ਹੀ ਅੰਤ ਨੂੰ ਮੇਰਾ ਸਖਾ ਹੈਂ - 'ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ॥', ਪੰਨਾ ੭੯੨. ਪੰਜਵੇਂ ਨਾਨਕ ਦਾ ਫ਼ੁਰਮਾਣ ਹੈ ਕਿ 'ਹੇ ਮੇਰੇ ਪ੍ਰੀਤਮ, ਮੇਰੇ ਪ੍ਰਾਣਾਂ ਦੇ ਆਧਾਰ, ਤੇਰੇ ਬਿਨਾਂ ਮੇਰਾ ਹੋਰ ਕੌਣ ਹੈ', ਭਾਵ, ਕੋਈ ਨਹੀਂ ਹੈ - 'ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥', ਪੰਨਾ ੨੦੬. ਦਸਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ, 'ਹੇ ਮੇਰੇ ਗੁਰੂ/ਪ੍ਰਭੂ ! ਜਦੋਂ ਤੋਂ ਮੈਂ ਤੇਰੀ ਸ਼ਰਣ ਆਇਆ ਹਾਂ, ਮੈਂ ਕਿਸੇ ਤੋਂ ਕੁਝ ਨਹੀਂ ਲੈਣਾ' - 'ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥', ਭਾਵ, ਜਿਵੇਂ ਪਪੀਹੇ ਨੂੰ, ਸਿਰਫ਼ ਆਕਾਸ਼ ਤੋਂ ਡਿਗ ਰਹੀ ਸਵਾਂਤੀ ਬੂੰਦ ਨਾਲ ਹੀ ਮਤਲਬ ਹੁੰਦਾ ਹੈ, ਥਲੇ ਪਿਆ, ਵਧੀਆ ਤੋਂ ਵਧੀਆ ਜਲ ਉਹ ਨਹੀਂ ਪੀਂਦਾ, ਇਸੇ ਤਰ੍ਹਾਂ, ਮੈਂ ਜੋ ਪ੍ਰਾਪਤ ਕਰਨਾ ਹੈ, ਤੇਰੇ ਤੋਂ ਹੀ ਪ੍ਰਾਪਤ ਕਰਨਾ ਹੈ। ਜਿਵੇਂ ਸੁਹਾਗਣ ਇਸਤਰੀ ਨੇ ਜੋ ਸੰਤਾਨ ਪ੍ਰਾਪਤ ਕਰਨੀ ਹੈ, ਉਹ ਸਿਰਫ਼ ਆਪਣੇ ਪਤੀ ਤੋਂ ਹੀ ਪ੍ਰਾਪਤ ਕਰਨੀ ਹੈ, ਭਾਵੇਂ ਦੁਨੀਆਂ ਵਿਚ ਹੋਰ ਚੰਗੇ ਤੋਂ ਚੰਗੇ ਪੁਰਸ਼ ਵੀ ਹੁੰਦੇ ਹਨ ਪਰ ਸੁਹਾਗਣ ਲਈ ਉਸਦਾ ਪਤੀ ਹੀ ਹੈ, ਤਿਵੇਂ, ਇਕ ਗੁਰੂ ਧਾਰਣ ਕਰਣ ਤੋਂ ਬਾਅਦ, ਇਧਰ ਉਧਰ ਭਟਕਣ ਵਾਲਾ ਮਨੁਖ, ਕਦੇ, ਅਧਿਆਤਮਕ ਪ੍ਰਾਪਤੀ ਨਹੀਂ ਕਰ ਸਕਦਾ।

**ਬਿਨੁ ਮਿਲਬੇ ਨਾਹੀ ਸੰਤੋਖਾ**

**ਪੇਖਿ ਦਰਸਨੁ ਨਾਨਕੁ ਜੀਜੈ॥੨॥੧॥**

**ਅਰਥ** : ਹੇ ਗੁਰੂ/ਪ੍ਰਭੂ ਮੈਨੂੰ ਤੇਰੇ ਮਿਲੇ ਬਗ਼ੈਰ ਸੰਤੋਖ ਹੀ ਨਹੀਂ ਆਉਂਦਾ, ਮੈਂ ਤਾਂ ਤੇਰੇ ਦਰਸ਼ਨਾਂ ਨਾਲ ਹੀ ਜਿਉਂਦਾ ਰਹਿ ਸਕਦਾ ਹਾਂ।੨।੧।

ਪੰਜਵੇਂ ਨਾਨਕ ਬਚਨ ਕਰਦੇ ਹਨ ਕਿ ਤੈਨੂੰ ਮਿਲੇ ਬਿਨਾਂ ਮੇਰਾ ਇਹ ਦਿਨ ਸੁਖਾਲਾ ਨਹੀਂ ਲੰਘਦਾ - 'ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ॥', ਅੰਕ ੩੭੩. ਹੋਰ ਬਚਨ ਕਰਦੇ ਹਨ ਕਿ ਤੇਰੇ ਮਿਲਾਪ ਦੀ ਮਹਿਮਾ ਮੈਂ ਬਿਆਨ ਨਹੀਂ ਕਰ ਸਕਦਾ, ਕਿਉਂਕਿ ਤੇਰੀ ਵਡਿਆਈ ਪਰੇ ਤੋਂ ਪਰੇ ਹੈ - 'ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥', ਅੰਕ ੪੯੮. ਮਹਾਰਾਜ ਨੇ ਗੁਰੂ ਨੂੰ ਸੰਬੋਧਨ ਕਰਦਿਆਂ ਹੋਰ ਬਚਨ ਕੀਤੇ ਹਨ ਕਿ ਤੇਰੇ ਬਿਨਾਂ ਇਕ ਘੜੀ ਲਈ ਵੀ ਜੀਵਨ ਨਹੀਂ ਹੁੰਦਾ, ਤੇਰੇ ਤੋਂ ਬਿਨਾਂ ਇਸ ਸੰਸਾਰ ਵਿਚ ਰਹਿਣਾ ਦੀ ਧਿਕਾਰ ਜੋਗ ਹੈ - 'ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਿਣਾ ਸੰਸਾਰਿ॥', ਅੰਕ ੨੦੩. ਹੋਰ ਫ਼ੁਰਮਾਉਂਦੇ ਹਨ ਕਿ ਮੈਨੂੰ ਪ੍ਰਭੂ ਦੇ ਮਿਲਣ ਦੀ ਪ੍ਰੀਤ ਭਾਵ ਤਾਂਘ ਲਗ ਗਈ ਹੈ। ਇਸ ਲਈ ਮੈਂ ਤੇਰੇ ਚਰਣ ਪਕੜਦਾ ਹਾਂ ਕਿ ਮੈਨੂੰ ਵਡੇ ਭਾਗਾਂ ਨਾਲ ਕੋਈ ਸੰਤ ਮਿਲ ਪਵੇ ਜੋ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ ਤਾਂ ਮੈਂ ਉਨ੍ਹਾਂ ਸੰਤਾਂ ਦੇ ਅਗੇ ਆਪਣਾ ਤਨ ਮਨ ਧਨ, ਸਭ ਕੁਝ ਅਰਪਣ ਕਰ ਦਿਆਂ ਤੇ ਝਲਿਆਂ ਵਾਂਙ ਉਸਦੇ ਮਗਰ ਲਗਿਆ ਰਹਾਂ - 'ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥ ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥.. ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥...', ਪੰਨਾ ੨੦੪ ਅਤੇ ਤੈਨੂੰ ਮਿਲੇ ਬਿਨਾਂ ਸ਼ਾਂਤੀ ਨਹੀਂ

ਮਿਲਦੀ, ਇਕ ਪਲ ਵੀ ਰਹਿਣ ਨਹੀਂ ਹੁੰਦਾ - 'ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ॥', ਪੰਨਾ ੯੨੮. ਮਿਲਣ ਦੀ ਤੀਬਰ ਤਾਂਘ ਸਾਰੀਆਂ ਹੱਦਾਂ ਪਾਰ ਕਰ ਜਾਂਦੀ ਹੈ ਮਨ ਕਹਿ ਉਠਦਾ ਹੈ ਕਿ ਜੇ ਕਿਧਰੇ ਖੰਭ ਵਿਕਦੇ ਹੁੰਦੇ ਤਾਂ ਮੈਂ ਆਪਣੇ ਬਰਾਬਰ ਦੀ ਰਕਮ ਤੋਲ ਕੇ, ਦੇ ਕੇ ਲੈ ਲਵਾਂ ਤੇ ਉਹ ਖੰਭ ਮੈਂ ਆਪਣੇ ਤਨ ਤੇ ਮੜ੍ਹਵਾ ਲਵਾਂ ਅਤੇ ਉਡ ਕੇ ਆਪਣੇ ਪਿਆਰੇ ਸਜਣ ਗੁਰੂ ਨੂੰ ਟੋਲ, ਲਭ ਲਵਾਂ, ਜਿਵੇਂ ਕਿ ਪਾਤਸ਼ਾਹ ਦੇ, 'ਸਲੋਕ ਵਾਰਾਂ ਤੋਂ ਵਧੀਕ' ਵਿਚ ਬਚਨ ਹਨ - 'ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥ ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥', ਅੰਕ ੧੪੨੬. ਕਿਉਂਕਿ ਹੇ ਗੁਰੂ ! ਤੇਰੇ ਦਰਸ਼ਨ ਕਰਣ ਨਾਲ ਹੀ ਮੇਰਾ ਜੀਵਨ ਹੈ, ਇਹੀ ਮੇਰੇ ਤੇ ਪੂਰਣ ਬਖਸ਼ਿਸ਼ ਹੈ - 'ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥' ਪ੍ਰਭੂ/ਗੁਰੂ ਦੇ ਦਰਸ਼ਨਾਂ ਦੀ ਪਿਆਸ, ਤਾਂਘ ਦੀ ਇਤਨੀ ਵਡੀ ਕੀਮਤ ਹੈ ਕਿ ਜਿਸਨੂੰ ਇਹ ਲਗ ਜਾਏ, ਪੰਜਵੇਂ ਨਾਨਕ ਉਸ ਤੋਂ ਬਲਿਹਾਰ ਬਲਿਹਾਰ ਜਾਂਦੇ ਹਨ - 'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥', ਅੰਕ ੨੯੬. ਅਜਿਹਾ ਜਨ ਜੋਦੜੀ ਕਰਦਾ ਹੈ ਕਿ ਹੇ ਮੇਰੇ ਪ੍ਰੀਤਮ ! ਮੈਨੂੰ ਦਰਸ਼ਨ ਦੇ, ਮੈਂ ਨਿਮਾਣੀ ਤੇਰੇ ਦਰਸ਼ਨਾਂ ਦੀ ਉਡੀਕ ਵਿਚ ਹਾਂ, ਤੇਰੇ ਦਰਸ਼ਨਾਂ ਤੋਂ ਬਿਨਾਂ ਮੈਨੂੰ ਨੀਂਦ ਨਹੀਂ ਆਉਂਦੀ, ਅੰਨ ਪਾਣੀ ਵੀ ਨਹੀਂ ਭਾਉਂਦਾ - 'ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥', ਪੰਨਾ ੨੪੪. ਸ੍ਰੀ ਗੁਰੂ ਨਾਨਕ ਸਾਹਿਬ ਦੀ ਤੁਖਾਰੀ ਰਾਗ ਵਿਚ ਉਚਾਰਣ ਕੀਤੀ 'ਬਾਰਹ ਮਾਹਾ' ਬਾਣੀ ਵਿਚ ਗੁਰੂ/ਪ੍ਰਭੂ ਤੋਂ ਵਿਛੋੜੇ ਅਤੇ ਮਿਲਣ ਦੀ ਤਾਂਘ ਦਾ ਸਿਖਰ ਬਿਆਨ ਕੀਤਾ ਗਿਆ ਹੈ।

ਮਿਲਣ ਦੀ, ਦਰਸ਼ਨਾਂ ਦੀ ਤਾਂਘ ਨਾਲ ਬਾਣੀ ਭਰਪੂਰ ਹੈ, ਕਿੰਨਾ ਕੁ ਬਿਆਨ ਕੀਤਾ ਜਾਏ...

ਜਿਸ ਨੂੰ ਅਜੇ ਮਿਲਾਪ ਦੀ ਤਾਂਘ ਨਹੀਂ ਲਗੀ, ਜਿਸਦਾ ਹਿਰਦਾ ਆਪਣੇ ਪ੍ਰੀਤਮ ਪਿਆਰੇ ਗੁਰੂ ਨੂੰ ਮਿਲਣ ਲਈ, ਉਸ ਨਾਲ ਮਿਲਾਪ ਲਈ ਨਹੀਂ ਤੜ੍ਹਫ਼ਦਾ, ਤਾਂ ਫ਼ਿਰ ਉਸ ਦਾ ਪ੍ਰੇਮ ਅਜੇ ਅਧੂਰਾ ਹੈ।

